# ANGEL'S PUBLIC SCHOOL

Strive for Perfection

# SAMPLE PAPER

**PERIODIC TEST – I SESSION 2025 - 26**

**CLASS – IX**

**TIME : 1 hr. : 30 min.** **SUBJECT – PUNJABI** **M.M = 40**

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

ਲਿਖਾਈ ਸਾਫ਼ - ਸੁਥਰੀ ਕਰੋ ।

**ਭਾਗ - ੳ (ਪੜ੍ਹਨ - ਕੌਸ਼ਲ)** (10)

**(ੳ) ਹੇਠ ਲਿਖੇ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :-** (5)

ਸੰਗਮਰਮਰ ਆਪਣੇ ਆਪ ਵਿੱਚ ਨਿਰੀ ਸੁੰਦਰ ਅਤੇ ਮੀਂਹ-ਧੁੱਪ ਦਾ ਟਾਕਰਾ ਕਰਨ ਵਾਲੀ ਵਸਤੂ ਹੀ ਨਹੀਂ, ਸਗੋਂ ਜੋ ਕੋਮਲਤਾ, ਮੁਲਾਇਮੀ ਅਤੇ ਸਵੱਛਤਾ ਸੰਗਮਰਮਰ ਵਿੱਚ ਪ੍ਰਗਟਾਈ ਜਾ ਸਕਦੀ ਹੈ ਉਸਦੀ ਰੀਸ ਕੋਈ ਹੋਰ ਪੱਥਰ ਜਾਂ ਇਮਾਰਤੀ ਮਸਾਲਾ ਨਹੀਂ ਕਰ ਸਕਦਾ। ਸੰਗਮਰਮਰ ਦੀ ਘਾੜਤ ਜਾਂ ਬਣਤਰ ਵਿੱਚ ਕੁਝ ਵੀ ਲੁਕਿਆ ਨਹੀਂ ਰਹਿੰਦਾ। ਸੋ ਇਹ ਸ਼ੁੱਧ ਸੁੰਦਰਤਾ ਪ੍ਰਗਟਾਉਣ ਦਾ ਸਾਧਨ ਹੈ। ਯੂਨਾਨ ਵਿੱਚ ਪਹਿਲਾਂ-ਪਹਿਲ ਸੰਗਮਰਮਰ ਦੀ ਵਰਤੋਂ ਮੰਦਰਾਂ ਅਤੇ ਹੋਰ ਇਮਾਰਤਾਂ ਲਈ ਹੋਈ ਮੰਨੀ ਜਾਂਦੀ ਹੈ। ਭਾਰਤ ਵਿੱਚ ਸੰਗਮਰਮਰ ਬਹੁਤ ਮਿਲ ਜਾਂਦਾ ਹੈ, ਇਸ ਲਈ ਇੱਥੇ ਦੀਆਂ ਕਈ ਸੁੰਦਰ ਇਮਾਰਤਾਂ ਲਈ ਇਸ ਦੀ ਵਰਤੋਂ ਕਰਨ ਦਾ ਰਿਵਾਜ਼ ਇਸ ਤੋਂ ਪਹਿਲਾਂ ਪੈ ਚੁੱਕਾ ਸੀ। ਤਾਜ ਮਹੱਲ ਤੇ ਮੋਤੀ ਮਸਜਿਦ ਅਤੇ ਹੋਰ ਅਨੇਕਾਂ ਮੰਦਰਾਂ ਵਿੱਚ ਇਸ ਦੇ ਪ੍ਰਯੋਗ ਨਾਲ ਜੋ ਸੂਖਮ ਅਤੇ ਕੋਮਲ ਪ੍ਰਭਾਵ ਉਤਪੰਨ ਹੋਇਆ ਸੀ, ਉਸੇ ਨੇ ਸ਼ਾਇਦ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰਨਾ ਦਿੱਤੀ ਕਿ ਮੇਰੇ ਸਤਿਗੁਰਾਂ ਦਾ ਮੰਦਰ ਵੀ ਅਜਿਹਾ ਹੀ ਸੁੰਦਰ ਹੋਣਾ ਚਾਹੀਦਾ ਹੈ।

**(i) ਇਨ੍ਹਾਂ ਵਿੱਚੋਂ ਕਿਹੜਾ ਸ਼ਬਦ ਸੰਗਮਰਮਰ ਦੀ ਸੁੰਦਰਤਾ ਨੂੰ ਪ੍ਰਗਟਾਉਂਦਾ ਹੈ ?**

(A) ਕੋਮਲਤਾ (B) ਮੁਲਾਇਮੀ (C) ਸਵੱਛਤਾ (D) ਉਪਰੋਕਤ ਸਾਰੇ

**(ii) ਸੰਗਮਰਮਰ ਦੀ ਵਰਤੋਂ ਪਹਿਲਾਂ-ਪਹਿਲਾਂ ਮੰਦਰਾਂ ਲਈ ਕਿੱਥੇ ਕੀਤੀ ਜਾਂਦੀ ਸੀ ?**

(A) ਭਾਰਤ ਵਿੱਚ (B) ਤੁਰਕੀ ਵਿੱਚ (C) ਯੂਨਾਨ ਵਿੱਚ (D) ਅਰਬ ਵਿੱਚ

**(iii) ਕਿਹੜੇ ਦੇਸ਼ ਵਿੱਚ ਸੰਗਮਰਮਰ ਵਧੇਰੇ ਮਿਲ ਜਾਂਦਾ ਹੈ ?**

(A) ਭਾਰਤ (B) ਤੁਰਕੀ (C) ਯੂਨਾਨ (D) ਅਰਬ

**(iv) ਕਿਹੜੀ ਇਮਾਰਤ ਦੇ ਨਿਰਮਾਣ ਵਿੱਚ ਸੰਗਮਰਮਰ ਦੀ ਵਰਤੋਂ ਕੀਤੀ ਗਈ ?**

(A) ਮੋਤੀ ਮਸਜਿਦ (B) ਤਾਜ ਮਹੱਲ

(C) ਲਾਲ ਕਿਲ੍ਹਾ (D) (A) ਅਤੇ (B) ਦੋਵੇਂ

**(v) ਸੰਗਮਰਮਰ ਦੀਆਂ ਇਮਾਰਤਾਂ ਨੇ ਕਿਨ੍ਹਾਂ ਨੂੰ ਸੁੰਦਰ ਮੰਦਰ ਬਣਾਉਣ ਲਈ ਪ੍ਰੇਰਨਾ ਦਿੱਤੀ ?**

(A) ਅਕਬਰ (B) ਮਹਾਰਾਣਾ ਪ੍ਰਤਾਪ

(C) ਮਹਾਰਾਜਾ ਰਣਜੀਤ ਸਿੰਘ (D) ਸ਼ੇਰ ਸ਼ਾਹ ਸੂਰੀ

**(vi) 'ਮੁਲਾਇਮ' ਦਾ ਵਿਰੋਧੀ ਸ਼ਬਦ ਕੀ ਹੋਵੇਗਾ ?**

(A) ਨਰਮ (B) ਕੋਮਲ (C) ਸਖ਼ਤ (D) ਸਵੱਛ

**(ਅ) ਹੇਠ ਲਿਖੀ ਕਾਵਿ - ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-** **(5)**

ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ, ਵੇਲਾਂ, ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲ਼ਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜੱਗ 'ਤੇ ਸਵੱਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

(i) **ਕੀ ਪੱਕ ਗਿਆ ਹੈ ?**

(ii) **ਕਿਸ ਨੂੰ ਬੂਰ ਪੈ ਗਿਆ ਹੈ ?**

(iii) **ਵੇਲਾਂ ਕਿੱਥੇ ਚੜ੍ਹੀਆਂ ਹਨ ?**

(iv) **ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ—**
**ਸਾਈਂ, ਨਿਗਾਹ**

## <u>ਭਾਗ - ਅ</u> (ਵਿਆਕਰਨ) (15)

**(ੲ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸ਼ੁੱਧ ਰੂਪ ਵਿੱਚ ਦਿਓ :-** **(2)**

(1) ਗੀਤਾ ਨੇ ਲਾਲ਼ ਰੰਗ ਦੀ _______________ ਪਾਈ ਹੋਈ ਹੈ ।

(ੳ) ਕਮਿਜ਼ (ਅ) ਕਮੀਜ਼ (ੲ) ਕਿਮੀਜ

(2) ਸਹੀ ਸ਼ੁੱਧ ਸ਼ਬਦ ਕਿਹੜਾ ਹੈ ?

(ੳ) ਮਿਹਨਤ (ਅ) ਮਹਿਨਤ (ੲ) ਮੀਹਨਿਤ

**(ਸ) ਵਿਰੋਧੀ ਸ਼ਬਦਾਂ ਨਾਲ਼ ਸੰਬੰਧਿਤ ਬਹੁਵਿਕਲਪੀ ਪ੍ਰਸ਼ਨ :-** **(2)**

(1) ਸਦਾਚਾਰਦ ਵਿਰੋਧੀ ਸ਼ਬਦ ਹੈ ।

(ੳ) ਡਰਾਕਲ (ਅ) ਕਪਟੀ (ੲ) ਦੁਰਾਚਾਰ

(2) ਅਚੇਤ ਦਾ ਵਿਰੋਧੀ ਸ਼ਬਦ ਹੈ ।

(ੳ) ਸਵੇਰ (ਅ) ਪੂਰਾ (ੲ) ਸੁਚੇਤ

**(ਹ) ਲਿੰਗ ਨਾਲ਼ ਸੰਬੰਧਿਤ ਬਹੁਵਿਕਲਪੀ ਪ੍ਰਸ਼ਨਾਂ ।** **(2)**

(1) ਪੰਜਾਬੀ ਦਾ ਲਿੰਗ ਬਦਲੋ ਹੈ ।

(ੳ) ਬਾਲੜੀ (ਅ) ਪੰਜਾਬਣ (ੲ) ਟੋਲੀ

(2) ਭਠਿਆਰਾ ਸ਼ਬਦ ਦਾ ਇਮਤਰੀ ਲਿੰਗ ਸ਼ਬਦ ਹੈ ।

(ੳ) ਗਪੀ (ਅ) ਨੌਕਰਾਣੀ (ੲ) ਭਠਿਆਰਨ

**(ਸ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਹਿਤ ਵਾਕ ਬਣਾਓ :-** **(4)**

(1) ਉੱਚਾ ਨੀਵਾ ਬੋਲਣਾ (2) ਉਸਤਾਦੀ ਕਰਨਾ

(3) ਉਗੰਲਾਂ ਤੇ ਨਚਾਉਣਾ (4) ਉਲਟੀ ਗੰਗਾ ਬਹਾਉਣੀ

## (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**(ਕ) ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ :-** **(5)**

**(1) ਸ੍ਰੀ ਗੁਰੂ ਨਾਨਕ ਦੇਵ ਜੀ**

**ਨੁਕਤੇ :-** (ੳ) ਭੂਮਿਕਾ (ਅ) ਜਨਮ ਅਤੇ ਬਚਪਨ (ੲ) ਕਰਮ ਕਾਡਾਂ ਦਾ ਖੰਡਨ (ਸ) ਸੱਚਾ ਸੌਦਾ
(ਹ) ਵੇਈ ਨਦੀ ਵਿੱਚ ਇਸ਼ਨਾਨ (ਕ) ਗ੍ਰਹਿਮਤੀ ਜੀਵਨ (ਖ) ਚਾਰ ਉਦਾਸੀਆਂ (ਗ) ਮਹਾਨ ਸਾਹਿਤ ਕਾਰ

**(2) ਪ੍ਰਦੂਸ਼ਣ ਦੀ ਸੱਮਸਿਆ**

**ਨੁਕਤੇ :-** (1) ਭੂਮਿਕਾ (2) ਸੱਮਸਿਆ (3) ਜਲ ਪ੍ਰਦੂਸ਼ਣ (4) ਹਵਾ ਪ੍ਰਦੂਸ਼ਣ (5) ਸ਼ੋਰ ਪ੍ਰਦੂਸ਼ਨ (6) ਕਾਰਨ
(7) ਨੁਕਸਾਨ (8) ਸੁਝਾਅ (9) ਸਾਰਾਂਸ

**(3) ਸਮੇਂ ਦੀ ਕਦਰ :-**

**ਨੂਕਤੇ :-** (1) ਭੂਮਿਕਾ (2) ਪੱਛੜੇ ਰਹਿਣ ਦਾ ਕਾਰਨ (3) ਸਮੇਂ ਦਾ ਸਦ ਉਪਯੋਗ (4) ਸਮੇਂ ਦਾ ਪਾਬੰਦ ਹੋਣਾ
(5) ਸਮਾਂ ਬਰਬਾਦ ਕਾਰਨ ਦੇ ਨੁਕਸਾਨ (6) ਸਾਰਾਂਸ

## ਭਾਗ - ੲ (ਪਾਠ - ਪੁਸਤਕ) (15)

**(8) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਵਿੱਚ ਚੁਣ ਕੇ ਲਿਖੋ ।** **(2)**

**(ੳ)** ਜੋਤੀ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ ?
(1) ਪਹਿਲੀ (2) ਕੇ 0 ਜੀ (3) ਦੂਜੀ (4) ਲੋਅਰ ਕੇ 0 ਜੀ

**(ਅ)** ਜੋਤੀ ਵੱਲੋਂ ਮੰਤਰੀ ਨੂੰ ਹਾਰ ਪਾਉਣ ਵਾਲ਼ਾ ਸਮਾਗਮ ਕਿਹੜੇ ਦਿਨ ਸੀ ?
(1) ਸ਼ੁੱਕਰਵਾਰ (2) ਬੁੱਧਵਾਰ (3) ਐਤਵਾਰ (4) ਵੀਰਵਾਰ

**(ੲ)** ਸਮਾਂ ਕਵਿਤਾ ਦੇ ਕਵੀ ਕੌਣ ਹਨ ?
(1) ਸੂਬਾ ਸਿੰਘ (2) ਭਾਈ ਵੀਰ ਸਿੰਘ (3) ਮੋਹਨ ਸਿੰਘ (4) ਗੁਰੂ ਨਾਨਕ ਦੇਵ ਜੀ

**(ਸ)** ਵਹਿਮੀ ਤਾਇਆ ਲੇਖ ਵਿੱਚ ਲੇਖਕ ਦੇ ਤਾਏ ਦਾ ਕੀ ਨਾਂ ਸੀ ?
(1) ਮਨਸਾ ਰਾਮ (ਅ) ਕਰਤਾਰ ਚੰਦ (ੲ) ਰਾਮਦਾਸ (ਸ) ਸੂਰਜ ਸਿੰਘ

**(9) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਵਿੱਚ ਦਿਓ :-** (2)

**(ੳ)** ਸਮੇਂ ਨੂੰ ਕਾਬੂ ਕਰਕੇ ਕੌਣ ਨਹੀਂ ਰੱਖ ਸਕਦਾ ?

**(ਅ)** ਭੱਖ ਸ਼ਬਦ ਤੋਂ ਕੀ ਭਾਵ ਹੈ ?

**(ੲ)** ਜੋਤੀ ਕਿਹੜੇ ਸਕੂਲ ਵਿੱਚ ਪੜ੍ਹਦਾ ਸੀ ?

**(ਸ)** ਭਾਈ ਵੀਰ ਸਿੰਘ ਜੀ ਨੇ ਸਮੇਂ ਦਾ ਮਾਨਵੀ ਕਰਨ ਕਿਸ ਰੂਪ ਵਿੱਚ ਕੀਤਾ ਹੈ ?

**(10) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (25 ਤੋਂ 30) ਸ਼ਬਦਾਂ ਵਿੱਚ ਲਿਖੋ ।** **(2x3=6)**

**(ੳ)** ਕਵਿਤਾ ਸਮਾਂ ਦਾ ਕੇਂਦਰੀ ਭਾਵ ਲਿਖੋ ।

**(ਅ)** ਜੁਗਲ ਪ੍ਰਸ਼ਾਦ ਅੰਗਰੇਜ਼ੀ ਸਕੂਲਾਂ ਨੂੰ ਵਧੀਆਂ ਕਿਉਂ ਸਮਝਦਾ ਸੀ ?

**(ੲ)** ਤਾਇਆ ਮਨਮਾਂ ਰਾਮ ਦੇ ਕਿਸੇ ਇੱਕ ਵਹਿਮ ਦੀ ਚਰਚਾ ਕਰੋ ।

**(11) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ (50 ਤੋ 60) ਸ਼ਬਦਾਂ ਵਿੱਚ ਦਿਓ :-** **(21/x2=5)**

**(ੳ)** ਤਾਇਆ ਮਨਸਾ ਰਾਮ ਦੇ ਚਰਿੱਤਰ ਬਾਰੇ ਜਾਣਕਾਰੀ ਦਿਓ।

**(ਅ)** ਸਮਾਂ ਕਵਿਤਾ ਵਿੱਚ ਸਮੇਂ ਦਾ ਮਾਨਵੀਕਰਨ ਕਿਸ ਤਰ੍ਹਾਂ ਕੀਤਾ ਗਿਆ ਹੈ ?

**(ੲ)** ਜਨਮ ਦਿਨ ਕਹਾਣੀ ਦਾ ਵਿਸ਼ਾ ਕੀ ਹੈ ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?